# ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ 'ਬਰਖਾਸਤਗੀ' (ਕੱਢੇ ਜਾਣ) ਬਾਰੇ ਜਾਣਕਾਰੀ

Government of South Australia
Department for Education

Punjabi / ਪੰਜਾਬੀ

ਬਰਖਾਸਤਗੀ ਅਜਿਹੇ ਵਿਵਹਾਰ ਪ੍ਰਤੀ ਕੀਤੀ ਗਈ ਸਭ ਤੋਂ ਲੰਬੀ ਅਤੇ ਸਭ ਤੋਂ ਗੰਭੀਰ ਜਵਾਬੀ ਕਾਰਵਾਈ ਹੈ ਜੋ ਸਕੂਲੀ ਸਮਾਜ ਦੇ ਮੈਂਬਰਾਂ ਦੀ ਸਿਹਤ, ਸੁਰੱਖਿਆ ਅਤੇ ਦੁਰੁਸਤੀ ਲਈ ਅਥਾਹ ਖਤਰਾ ਪੈਦਾ ਕਰਦਾ ਹੈ।

ਜੇਕਰ ਵਿਦਿਆਰਥੀ ਨੂੰ ਉਸਦੇ ਆਪਣੇ ਸਕੂਲ ਵਿੱਚੋਂ ਕੱਢ ਦਿੱਤਾ ਜਾਂਦਾ ਹੈ, ਤਾਂ ਇਸਦਾ ਮਤਲਬ ਹੁੰਦਾ ਹੈ ਕਿ ਉਹ 6 ਤੋਂ 18 ਮਹੀਨਿਆਂ ਤੱਕ ਆਪਣੇ ਸਕੂਲ ਵਿੱਚ ਨਹੀਂ ਜਾ ਸਕਦਾ ਹੈ। ਇਹ ਫੈਸਲਾ ਪ੍ਰਿੰਸੀਪਲ, ਜਾਂ ਉਹਨਾਂ ਲਈ ਕੰਮ ਕਰਨ ਵਾਲੇ ਕਿਸੇ ਵਿਅਕਤੀ ਦੁਆਰਾ ਕੀਤਾ ਜਾਂਦਾ ਹੈ।

ਜੇਕਰ ਬਰਖਾਸਤਗੀ ਸਾਰੇ ਹੀ ਸਰਕਾਰੀ ਸਕੂਲਾਂ ਵਿੱਚੋਂ ਕੀਤੀ ਗਈ ਹੈ, ਤਾਂ ਇਸਦਾ ਮਤਲਬ ਹੈ ਕਿ ਵਿਦਿਆਰਥੀ 12 ਮਹੀਨਿਆਂ ਤੋਂ ਲੈ ਕੇ 5 ਸਾਲਾਂ ਤੱਕ ਨਿਰਧਾਰਿਤ ਕੀਤੀ ਗਈ ਕਿਸੇ ਵੀ ਮਿਆਦ ਲਈ, ਕਿਸੇ ਵੀ ਸਰਕਾਰੀ ਸਕੂਲ ਵਿੱਚ ਨਹੀਂ ਜਾ ਸਕਦਾ। ਮੁੱਖ ਕਾਰਜਕਾਰੀ ਸਾਹਿਬਾਨ, ਸਿੱਖਿਆ ਵਿਭਾਗ ਅਜਿਹੇ ਫੈਸਲੇ ਲੈਂਦੇ ਹਨ।

ਸਿਰਫ਼ 16 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਦਿਆਰਥੀਆਂ ਨੂੰ ਹੀ ਬਰਖਾਸਤ ਕੀਤਾ ਜਾ ਸਕਦਾ ਹੈ।

## ਜੇਕਰ ਮੇਰੇ ਬੱਚੇ ਨੂੰ ਬਰਖਾਸਤ ਕਰ ਦਿੱਤਾ ਜਾਂਦਾ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਇਸ ਤੋਂ ਪਹਿਲਾਂ ਕਿ ਪ੍ਰਿੰਸੀਪਲ ਸਕੂਲ ਵਿੱਚੋਂ ਕੱਢੇ ਜਾਣ ਬਾਰੇ ਕੋਈ ਫੈਸਲਾ ਲੈ ਸਕੇ, ਉਹਨਾਂ ਨੂੰ ਪਹਿਲਾਂ ਤੁਹਾਡੇ ਬੱਚੇ ਨੂੰ 20 ਦਿਨਾਂ ਲਈ ਮੁਅੱਤਲ ਕਰਨਾ ਪੈਂਦਾ ਹੈ। ਇਸ ਨੂੰ 'ਸਸਪੈਂਸ਼ਨ ਬਕਾਇਆ ਨਿਰਦੇਸ਼/suspension pending directions' ਕਿਹਾ ਜਾਂਦਾ ਹੈ।

ਜੇਕਰ ਪ੍ਰਿੰਸੀਪਲ ਚਾਹੁੰਦਾ ਹੈ ਕਿ ਮੁੱਖ ਕਾਰਜਕਾਰੀ ਤੁਹਾਡੇ ਬੱਚੇ ਨੂੰ ਸਾਰੇ ਹੀ ਸਰਕਾਰੀ ਸਕੂਲਾਂ ਵਿੱਚੋਂ ਕੱਢਣ ਬਾਰੇ ਵਿਚਾਰ ਕਰਨ, ਤਾਂ ਉਹਨਾਂ ਨੂੰ ਪਹਿਲਾਂ ਤੁਹਾਡੇ ਬੱਚੇ ਨੂੰ 30 ਦਿਨਾਂ ਲਈ ਮੁਅੱਤਲ ਕਰਨਾ ਪੈਂਦਾ ਹੈ।

20 ਦਿਨਾਂ ਜਾਂ 30 ਦਿਨਾਂ ਦੀ ਮੁਅੱਤਲੀ ਦੇ ਅੰਦਰ-ਅੰਦਰ, 'ਦਿਸ਼ਾ-ਨਿਰਦੇਸ਼ ਕਾਨਫਰੰਸ/Directions Conference' ਨਾਮਕ ਮੀਟਿੰਗ ਕੀਤੀ ਜਾਵੇਗੀ ਤਾਂ ਜੋ:

- ਤੁਸੀਂ, ਤੁਹਾਡਾ ਬੱਚਾ ਅਤੇ ਸਕੂਲ ਸਾਰੀ ਜਾਣਕਾਰੀ ਜਾਣ ਲੈਣ ਅਤੇ ਹਰ ਕਿਸੇ ਦੇ ਦ੍ਰਿਸ਼ਟੀਕੋਣ ਨੂੰ ਸੁਣਿਆ ਜਾਵੇ
- ਚਿੰਤਾਯੋਗ ਵਿਵਹਾਰ ਪ੍ਰਤੀ ਸਭ ਤੋਂ ਵਧੀਆ ਪ੍ਰਸਤਾਵਾਂ ਉੱਤੇ ਫੈਸਲੇ ਲਏ ਜਾ ਸਕਣ।

ਪ੍ਰਿੰਸੀਪਲ ਸਾਹਿਬਾਨ ਤੁਹਾਡੇ ਬੱਚੇ ਨੂੰ ਬਰਖਾਸਤ ਕਰਨ ਬਾਰੇ ਵਿਚਾਰ ਕਿਉਂ ਕਰ ਰਹੇ ਹਨ ਅਤੇ ਕੀ ਹੋਇਆ ਸੀ ਇਸ ਬਾਰੇ ਜਾਣਕਾਰੀ ਸਾਂਝੀ ਕਰਣ ਵਾਸਤੇ ਸਕੂਲ ਤੁਹਾਡੇ ਨਾਲ ਸੰਪਰਕ ਕਰੇਗਾ।

ਕਹਾਣੀ ਦੇ ਸਾਰੇ ਪੱਖਾਂ ਨੂੰ ਸੁਣਨਾ ਅਤੇ ਸਕੂਲ ਅਤੇ ਤੁਹਾਡੇ ਬੱਚੇ ਨਾਲ ਮਿਲ ਕੇ ਹੱਲ ਕੱਢਣਾ ਹਮੇਸ਼ਾ ਮਹੱਤਵਪੂਰਨ ਹੁੰਦਾ ਹੈ। ਇਹ ਹੇਠ ਲਿਖਿਆਂ ਚੀਜ਼ਾਂ ਵਿੱਚ ਮਦਦ ਕਰ ਸਕਦਾ ਹੈ:

- ਸ਼ਾਂਤ ਰਹਿਣ ਵਿੱਚ
- ਜੋ ਹੋਇਆ ਉਸ ਬਾਰੇ ਆਪਣੇ ਬੱਚੇ ਨਾਲ ਗੱਲ ਕਰਣ ਵਿੱਚ
- ਜੋ ਹੋਇਆ ਉਸ ਬਾਰੇ ਸਕੂਲ ਨਾਲ ਗੱਲ ਕਰਣ ਵਿੱਚ।

ਦਿਸ਼ਾ-ਨਿਰਦੇਸ਼ ਕਾਨਫਰੰਸ (Directions Conference) ਵਾਸਤੇ ਤਿਆਰੀ ਕਰਨ ਲਈ ਸਕੂਲ ਅਤੇ ਆਪਣੇ ਬੱਚੇ ਨਾਲ ਮਿਲ ਕੇ ਕੰਮ ਕਰੋ (ਦਿਸ਼ਾ-ਨਿਰਦੇਸ਼ ਕਾਨਫਰੰਸ ਬਾਰੇ ਜਾਣਕਾਰੀ ਲਈ ਪੰਨਾ 2 ਦੇਖੋ)।

## ਪ੍ਰਿੰਸੀਪਲ ਬਰਖਾਸਤ ਕੀਤੇ ਜਾਣ ਦਾ ਵਿਚਾਰ ਕਿਉਂ ਕਰ ਸਕਦੇ ਹਨ

ਬਰਖਾਸਤਗੀ ਸਭ ਤੋਂ ਗੰਭੀਰ ਜਵਾਬੀ ਕਾਰਵਾਈ ਹੈ ਜੋ ਕੀਤੀ ਜਾ ਸਕਦੀ ਹੈ।

ਬਰਖਸਤਗੀ ਅਜਿਹੀਆਂ ਸਥਿਤੀਆਂ ਵਿੱਚ ਵਰਤੀ ਜਾਂਦੀ ਹੈ ਜਿੱਥੇ ਕੀਤਾ ਗਿਆ ਵਿਵਹਾਰ, ਸਕੂਲੀ ਸਮਾਜ ਦੇ ਮੈਂਬਰਾਂ ਦੀ ਸਿਹਤ, ਸੁਰੱਖਿਆ ਅਤੇ ਦੁਰੁਸਤੀ ਲਈ ਅਥਾਹ ਖਤਰਾ ਪੈਦਾ ਕਰਦਾ ਹੈ।

## ਕੀ ਹੋਇਆ ਇਸ ਬਾਰੇ ਜਾਣਕਾਰੀ ਇਕੱਠੀ ਕਰਨਾ

ਪ੍ਰਿੰਸੀਪਲ ਦੀ ਇਹ ਸਮਝਣ ਵਿੱਚ ਮਦਦ ਕਰਨ ਲਈ ਕਿ ਕੀ ਹੋਇਆ ਹੈ, ਸਕੂਲ ਜਾਣਕਾਰੀ ਇਕੱਠੀ ਕਰੇਗਾ।

ਉਹ ਤੁਹਾਡੇ ਬੱਚੇ ਦਾ ਨਜ਼ਰੀਆ ਜਾਣਨ ਦੀ ਕੋਸ਼ਿਸ਼ ਕਰਨਗੇ।

ਸਕੂਲ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰੇਗਾ ਕਿ ਇਸ ਗੱਲ ਨੂੰ ਲੈ ਕੇ ਫਲੈਕਸਿਬਲ (ਪਰਿਵਰਤਨ ਦੇ ਅਨੁਕੂਲ) ਬਣੇ, ਕਿ ਤੁਹਾਡਾ ਬੱਚਾ ਇਸ ਬਾਰੇ ਕਦੋਂ ਅਤੇ ਕਿਵੇਂ ਆਪਣੇ ਵਿਚਾਰ ਸਾਂਝੇ ਕਰਦਾ ਹੈ, ਕਿ ਕੀ ਹੋਇਆ ਸੀ।

# ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ 'ਬਰਖਾਸਤਗੀ' (ਕੱਢੇ ਜਾਣ) ਬਾਰੇ ਜਾਣਕਾਰੀ

## ਪ੍ਰਿੰਸੀਪਲ ਆਪਣਾ ਫੈਸਲਾ ਕਿਵੇਂ ਲੈਂਦੇ ਹਨ

ਪ੍ਰਿੰਸੀਪਲ ਨੂੰ ਨਿਰਪੱਖ ਫੈਸਲਾ ਲੈਣਾ ਚਾਹੀਦਾ ਹੈ। ਉਹਨਾਂ ਨੂੰ ਆਪਣਾ ਫੈਸਲਾ ਲੈਣ ਤੋਂ ਪਹਿਲਾਂ ਬਹੁਤ ਸਾਰੀਆਂ ਚੀਜ਼ਾਂ ਬਾਰੇ ਸੋਚਣੀਆਂ ਚਾਹੀਦੀਆਂ ਹਨ। ਜਿਵੇਂ ਕਿ:

- ਹੋਰ ਲੋਕਾਂ ਤੋਂ ਜਾਣਕਾਰੀ
- ਤੁਹਾਡੇ ਬੱਚੇ ਦਾ ਨਜ਼ਰੀਆ
- ਵਿਵਹਾਰ ਕਿੰਨਾ ਕੁ ਗੰਭੀਰ ਹੈ ਅਤੇ ਇਹ ਕਿੰਨੀ ਕੁ ਵਾਰ ਹੁੰਦਾ ਹੈ
- ਤੁਹਾਡੇ ਬੱਚੇ ਦੀਆਂ ਕੀ ਲੋੜਾਂ ਹਨ ਅਤੇ ਸੁਰੱਖਿਅਤ ਅਤੇ ਸਕਾਰਾਤਮਕ ਵਿਵਹਾਰ ਕਰਨ ਵਿੱਚ ਉਹਨਾਂ ਦੀ ਮਦਦ ਕਰਨ ਲਈ ਉਸ ਨੂੰ ਕੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ।

## ਕਾਨੂੰਨ ਕੀ ਕਹਿੰਦਾ ਹੈ

ਕਾਨੂੰਨ (ਐਜੂਕੇਸ਼ਨ ਐਂਡ ਚਿਲਡਰਨ ਸਰਵਿਸਿਜ਼ ਐਕਟ 2019) ਕਹਿੰਦਾ ਹੈ ਕਿ ਪ੍ਰਿੰਸੀਪਲ ਕਿਸੇ ਵਿਦਿਆਰਥੀ ਨੂੰ ਬੇਦਖਲ ਕਰ ਸਕਦਾ ਹੈ ਜੇਕਰ ਉਹ ਮੰਨਦਾ ਹੈ ਕਿ ਵਿਦਿਆਰਥੀ:

- ਹਿੰਸਕ ਹੋਇਆ ਸੀ ਜਾਂ ਉਸਨੇ ਹਿੰਸਾ ਦੀ ਧਮਕੀ ਦਿੱਤੀ ਸੀ
- ਅਜਿਹੇ ਤਰੀਕੇ ਨਾਲ ਵਿਵਹਾਰ ਕੀਤਾ ਜਿਸ ਨਾਲ ਕਿਸੇ ਵਿਦਿਆਰਥੀ, ਸਟਾਫ਼ ਦੇ ਮੈਂਬਰ ਜਾਂ ਸਕੂਲ ਨਾਲ ਜੁੜੇ ਹੋਰ ਵਿਅਕਤੀ ਦੀ ਸੁਰੱਖਿਆ ਜਾਂ ਸਲਾਮਤੀ ਨੂੰ ਖਤਰਾ ਹੋਵੇ (ਉਦਾਹਰਨ ਲਈ ਧੱਕੇਸ਼ਾਹੀ, ਜਿਸਮਾਨੀ ਛੇੜਛਾੜ, ਗਾਲ੍ਹੀ-ਗਲੋਚ, ਨਸਲੀ ਦੁਰਵਿਵਹਾਰ)
- ਕੋਈ ਵੀ ਗੈਰ-ਕਾਨੂੰਨੀ ਕੰਮ ਕਰੇ
- ਅਧਿਆਪਨ ਅਤੇ ਸਿੱਖਣ ਵਿੱਚ ਵਿਘਨ ਪਾਵੇ।

ਕਾਨੂੰਨ (ਐਜੂਕੇਸ਼ਨ ਐਂਡ ਚਿਲਡਰਨ ਸਰਵਿਸਿਜ਼ ਐਕਟ 2019) ਕਹਿੰਦਾ ਹੈ ਕਿ ਪ੍ਰਮੁੱਖ ਕਾਰਜਕਾਰੀ, ਕਿਸੇ ਵਿਦਿਆਰਥੀ ਨੂੰ ਸਾਰੇ ਹੀ ਸਰਕਾਰੀ ਸਕੂਲਾਂ ਤੋਂ ਬੇਦਖਲ ਕਰ ਸਕਦਾ ਹੈ ਜੇਕਰ ਉਹ ਮੰਨਦਾ ਹੈ ਕਿ ਵਿਦਿਆਰਥੀ:

- ਹਿੰਸਕ ਹੋਇਆ ਸੀ ਜਾਂ ਉਸਨੇ ਹਿੰਸਾ ਦੀ ਧਮਕੀ ਦਿੱਤੀ ਸੀ
- ਅਜਿਹੇ ਤਰੀਕੇ ਨਾਲ ਵਿਵਹਾਰ ਕੀਤਾ ਜਿਸ ਨਾਲ ਕਿਸੇ ਵਿਦਿਆਰਥੀ, ਸਟਾਫ਼ ਦੇ ਮੈਂਬਰ ਜਾਂ ਸਕੂਲ ਨਾਲ ਜੁੜੇ ਹੋਰ ਵਿਅਕਤੀ ਦੀ ਸੁਰੱਖਿਆ ਜਾਂ ਸਲਾਮਤੀ ਨੂੰ ਖਤਰਾ ਹੋਵੇ (ਉਦਾਹਰਨ ਲਈ ਧੱਕੇਸ਼ਾਹੀ, ਜਿਸਮਾਨੀ ਛੇੜਛਾੜ, ਗਾਲ੍ਹੀ-ਗਲੋਚ, ਨਸਲੀ ਦੁਰਵਿਵਹਾਰ)
- ਕੋਈ ਵੀ ਗੈਰ-ਕਾਨੂੰਨੀ ਕੰਮ ਕਰੇ।

## ਸਕੂਲ ਤੁਹਾਡੇ ਨਾਲ ਗੱਲਬਾਤ ਕਰੇਗਾ

ਪ੍ਰਿੰਸੀਪਲ ਜਾਂ ਪ੍ਰਿੰਸੀਪਲ ਲਈ ਕੰਮ ਕਰਨ ਵਾਲਾ ਕੋਈ ਹੋਰ ਸਟਾਫ ਮੈਂਬਰ ਤੁਹਾਡੇ ਬੱਚੇ ਨੂੰ ਬਕਾਇਆ ਨਿਰਦੇਸ਼ਾਂ ਬਰਖਾਸਤ ਕਰਨ ਦਾ ਫੈਸਲਾ ਲਿੱਤੇ ਜਾਣ ਤੋਂ ਬਾਅਦ, ਜਿੰਨੀ ਜਲਦੀ ਹੋ ਸਕੇ ਤੁਹਾਡੇ ਨਾਲ ਸੰਪਰਕ ਕਰੇਗਾ।

ਉਹ ਤੁਹਾਡੇ ਅਤੇ ਤੁਹਾਡੇ ਬੱਚੇ ਨਾਲ ਹੇਠ ਲਿਖੀਆਂ ਗੱਲਾਂ ਬਾਰੇ ਗੱਲ ਕਰੇਗਾ:

- ਪ੍ਰਿੰਸੀਪਲ ਵੱਲੋਂ ਬਰਖਾਸਤ ਕੀਤੇ ਜਾਣ ਬਾਰੇ ਵਿਚਾਰ ਕੀਤੇ ਜਾਣ ਦੇ ਕਾਰਨ
- ਬਕਾਇਆ ਨਿਰਦੇਸ਼ ਲੰਬਿਤ (ਸਸਪੈਂਡ) ਕਿੰਨੀ ਦੇਰ ਵਾਸਤੇ ਕੀਤਾ ਜਾਣਾ ਹੈ (20 ਦਿਨ ਜਾਂ 30 ਦਿਨ)
- ਕਿ ਸਸਪੈਂਡ ਹੋਏ ਦੌਰਾਨ ਤੁਹਾਡਾ ਬੱਚਾ ਸਕੂਲ ਦੀ ਜ਼ਮੀਨ 'ਤੇ ਮੌਜੂਦ ਨਹੀਂ ਹੋ ਸਕਦਾ
- ਕਿ ਸਕੂਲ ਤੁਹਾਨੂੰ ਲਿਖਤੀ ਨੋਟਿਸ ਅਤੇ ਇਸ ਤੱਥ ਪੱਤਰ ਦੀ ਇੱਕ ਕਾਪੀ ਦੇਵੇਗਾ
- ਦਿਸ਼ਾ-ਨਿਰਦੇਸ਼ ਕਾਨਫਰੰਸ (Directions Conference) ਵਿੱਚ ਕੀ ਹੋਣ ਦੀ ਉਮੀਦ ਹੈ, ਉਦਾਹਰਨ ਲਈ, ਉਸ ਵਿੱਚ ਕੌਣ-ਕੌਣ ਹੋਵੇਗਾ
- ਕਿ ਤੁਸੀਂ ਦਿਸ਼ਾ-ਨਿਰਦੇਸ਼ ਕਾਨਫਰੰਸ ਵਿੱਚ ਕਿਸੇ ਸਹਾਇਕ ਵਿਅਕਤੀ ਜਾਂ ਵਕੀਲ ਨੂੰ ਲਿਆ ਸਕਦੇ ਹੋ। ਜੇਕਰ ਤੁਸੀਂ ਚਾਹੁੰਦੇ ਹੋ ਕਿ ਅਜਿਹਾ ਹੋਵੇ, ਤਾਂ ਸਕੂਲ ਤੁਹਾਨੂੰ ਇੱਕ ਸਕੂਲ-ਅਧਾਰਤ ਵਕੀਲ ਪ੍ਰਦਾਨ ਕਰ ਸਕਦਾ ਹੈ
- ਕਿ ਇੱਕ ਸਟਾਫ਼ ਮੈਂਬਰ ਦਿਸ਼ਾ-ਨਿਰਦੇਸ਼ ਕਾਨਫਰੰਸ ਤੋਂ ਪਹਿਲਾਂ ਤੁਹਾਡੇ ਅਤੇ ਤੁਹਾਡੇ ਬੱਚੇ ਨਾਲ ਸੰਪਰਕ ਕਰੇਗਾ।

## ਸਕੂਲ ਅਧਾਰਤ ਵਕੀਲ

ਸਕੂਲ-ਅਧਾਰਤ ਵਕੀਲ ਤੁਹਾਡੇ ਬੱਚੇ ਦੇ ਸਕੂਲ ਵਿੱਚ ਸਟਾਫ ਦਾ ਇੱਕ ਮੁਲਾਜਮ ਹੁੰਦਾ ਹੈ। ਓਹ:

- ਦਿਸ਼ਾ-ਨਿਰਦੇਸ਼ ਕਾਨਫਰੰਸ ਵਿੱਚ ਹਿੱਸਾ ਲੈਣ ਵਿੱਚ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਮਦਦ ਕਰ ਸਕਦੇ ਹਨ
- ਦਿਸ਼ਾ-ਨਿਰਦੇਸ਼ ਕਾਨਫਰੰਸ ਤੋਂ ਪਹਿਲਾਂ ਤੁਹਾਡੇ ਅਤੇ ਤੁਹਾਡੇ ਬੱਚੇ ਦੇ ਵਿਚਾਰ ਪੁੱਛ ਕਰ ਸਕਦੇ ਹਨ
- ਦਿਸ਼ਾ-ਨਿਰਦੇਸ਼ ਕਾਨਫਰੰਸ ਵਿੱਚ ਲੋਕਾਂ ਨੂੰ ਦੱਸ ਸਕਦੇ ਹਨ ਕਿ ਤੁਸੀਂ ਅਤੇ ਤੁਹਾਡਾ ਬੱਚਾ ਕੀ ਸੋਚਦੇ ਹਨ
- ਇਹ ਯਕੀਨੀ ਬਣਾਉਣ ਵਿੱਚ ਮਦਦ ਕਰ ਸਕਦੇ ਹਨ ਕਿ ਦਿਸ਼ਾ-ਨਿਰਦੇਸ਼ ਕਾਨਫਰੰਸ ਦਾ ਧਿਆਨ ਇਸ ਗੱਲ ਵੱਲ ਕੇਂਦਰਿਤ ਹੈ ਕਿ ਤੁਹਾਡੇ ਬੱਚੇ ਲਈ ਸਭ ਤੋਂ ਵਧੀਆ ਕੀ ਹੈ
- ਲਏ ਗਏ ਫੈਸਲਿਆਂ, ਅੱਗੇ ਕੀ ਹੋਵੇਗਾ ਅਤੇ ਜੇਕਰ ਤੁਹਾਡੇ ਬੱਚੇ ਨੂੰ ਕੱਢ ਦਿੱਤਾ ਜਾਂਦਾ ਹੈ ਤਾਂ ਅਪੀਲ ਕਰਨ ਦੇ ਤੁਹਾਡੇ ਅਧਿਕਾਰ, ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ
- ਬਰਖਾਸਤਗੀ ਦੌਰਾਨ ਤੁਹਾਡੇ ਬੱਚੇ ਨੂੰ ਸਕੂਲ ਨਾਲ ਜੁੜੇ ਰੱਖਣ ਵਿੱਚ ਮਦਦ ਕਰ ਸਕਦੇ ਹਨ
- ਬਰਖਾਸਤਗੀ ਦੀ ਮਿਆਦ ਖਤਮ ਹੋਣ 'ਤੇ ਤੁਹਾਡੇ ਬੱਚੇ ਨੂੰ ਸਕੂਲ ਨਾਲ ਦੁਬਾਰਾ ਜੁੜਨ ਵਿੱਚ ਮਦਦ ਕਰ ਸਕਦੇ ਹਨ, ਜੇਕਰ ਉਸ ਬਰਖਸਤਗੀ ਦੀ ਮਿਆਦ ਖਤਮ ਹੋਣ ਤੋਂ ਬਾਅਦ ਤੁਹਾਡਾ ਬੱਚਾ ਵਾਪਸ ਸਕੂਲ ਪਰਤਦਾ ਹੈ।

## ਬਕਾਇਆ ਨਿਰਦੇਸ਼ ਬਰਖਸਤਗੀ

ਤੁਹਾਡਾ ਬੱਚਾ ਤੁਹਾਡੀ ਦੇਖਭਾਲ ਵਿੱਚ ਘਰੇ ਰਹੇਗਾ।

ਬਰਖਾਸਤਗੀ ਦੌਰਾਨ ਸਕੂਲ ਵੱਲੋਂ ਤੁਹਾਡੇ ਬੱਚੇ ਨੂੰ ਸਕੂਲ ਦਾ ਕੰਮ ਦਿੱਤਾ ਜਾਣਾ ਜ਼ਰੂਰੀ ਨਹੀਂ ਹੈ।

ਸਕੂਲ ਕੰਮ ਦੇਣ ਦਾ ਫੈਸਲਾ ਕਰ ਸਕਦਾ ਹੈ ਜੇਕਰ ਅਜਿਹਾ ਕਰਨਾ ਤੁਹਾਡੇ ਬੱਚੇ ਨੂੰ ਲਾਭ ਪਹੁੰਚਾਉਂਦਾ ਹੈ।

## ਦਿਸ਼ਾ-ਨਿਰਦੇਸ਼ ਕਾਨਫਰੰਸ

ਦਿਸ਼ਾ-ਨਿਰਦੇਸ਼ ਕਾਨਫਰੰਸ ਵਿੱਚ ਸ਼ਾਮਲ ਹੁੰਦੇ ਹਨ:

- ਤੁਸੀਂ
- ਤੁਹਾਡਾ ਬੱਚਾ
- ਸਕੂਲ ਦੇ ਕਰਮਚਾਰੀ
- ਵਿਦਿਆਰਥੀ ਸਹਾਇਤਾ ਸੇਵਾਵਾਂ ਜਾਂ ਆਦਿਵਾਸੀ (ਐਬਓਰੀਜਿਨਲ) ਸਿੱਖਿਆ ਸੇਵਾਵਾਂ ਤੋਂ ਸਿੱਖਿਆ ਵਿਭਾਗ ਦੇ ਕਰਮਚਾਰੀ।

# ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ 'ਬਰਖਾਸਤਗੀ' (ਕੱਢੇ ਜਾਣ) ਬਾਰੇ ਜਾਣਕਾਰੀ

**ਦਿਸ਼ਾ-ਨਿਰਦੇਸ਼ ਕਾਨਫਰੰਸ ਤੋਂ ਪਹਿਲਾਂ ਪ੍ਰਿੰਸੀਪਲ ਇਨ੍ਹਾਂ ਚੀਜ਼ਾਂ ਬਾਰੇ ਸੋਚ ਵਿਚਾਰ ਕਰੇਗਾ:**

- ਕਿਹੜੀਆਂ ਸੇਵਾਵਾਂ ਤੁਹਾਡੇ ਬੱਚੇ ਦੀ ਮਦਦ ਕਰ ਸਕਦੀਆਂ ਹਨ। ਜੇਕਰ ਸਕੂਲ ਸਿੱਖਿਆ ਵਿਭਾਗ ਦੀਆਂ ਹੋਰ ਸੇਵਾਵਾਂ, ਹੋਰ ਸਰਕਾਰੀ ਵਿਭਾਗਾਂ ਜਾਂ ਕਮਿਊਨਿਟੀ-ਆਧਾਰਿਤ ਸੰਸਥਾਵਾਂ ਦੀਆਂ ਹੋਰ ਸੇਵਾਵਾਂ ਨੂੰ ਦਿਸ਼ਾ-ਨਿਰਦੇਸ਼ ਕਾਨਫਰੰਸ ਲਈ ਸੱਦਾ ਦੇਣਾ ਚਾਹੁੰਦੇ ਹਨ, ਤਾਂ ਇਸ ਵਾਸਤੇ ਉਹ ਤੁਹਾਡੇ ਕੋਲੋਂ ਇਜਾਜ਼ਤ ਮੰਗੇਗਾ।
  **ਜਦੋਂ ਕੋਈ ਪ੍ਰਿੰਸੀਪਲ ਐਬਓਰੀਜਿਨਲ , ਅਪਾਹਜ ਜਾਂ ਅਜਿਹੇ ਵਿਦਿਆਰਥੀਆਂ ਦੀ ਬਰਖਸਤਗੀ ਉੱਤੇ ਵਿਚਾਰ ਕਰ ਰਿਹਾ ਹੈ ਜੋ ਕਿਸੇ ਦੀ ਦੇਖਭਾਲ ਹੇਠ ਹਨ, ਤਾਂ ਵਿਦਿਆਰਥੀ ਸਹਾਇਤਾ ਸੇਵਾਵਾਂ ਨੂੰ ਦਿਸ਼ਾ-ਨਿਰਦੇਸ਼ ਕਾਨਫਰੰਸਾਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ**
- ਤੁਹਾਡੇ ਬੱਚੇ ਦੀ ਉਮਰ 'ਤੇ ਨਿਰਭਰ ਕਰਦੇ ਹੋਏ, ਵਿਦਿਅਕ ਜਾਂ ਸਿਖਲਾਈ ਦੇ ਰਸਤੇ
- ਕਿਹੜੀ ਚੀਜ਼, ਦਿਸ਼ਾ-ਨਿਰਦੇਸ਼ ਕਾਨਫਰੰਸ ਵਿੱਚ ਹਿੱਸਾ ਲੈਣ ਵਿੱਚ ਹਰ ਕਿਸੇ ਦੀ ਮਦਦ ਕਰੇਗੀ। ਉਦਾਹਰਨ ਲਈ, ਕਿਸੇ ਦੁਭਾਸ਼ੀਏ ਦੀ ਲੋੜ ਹੋਣੀ।

**ਦਿਸ਼ਾ-ਨਿਰਦੇਸ਼ ਕਾਨਫਰੰਸ ਵਿੱਚ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਹੇਠਾਂ ਵਰਣਨ ਕੀਤੀਆਂ ਚੀਜ਼ਾਂ ਕਰਨ ਦਾ ਮੌਕਾ ਮਿਲੇਗਾ:**

- ਵਿਹਾਰ ਬਾਰੇ ਸਕੂਲ ਦੀਆਂ ਚਿੰਤਾਵਾਂ ਨੂੰ ਸੁਣਨਾ
- ਚਿੰਤਾਵਾਂ ਦਾ ਜਵਾਬ ਦੇਣਾ
- ਕੋਈ ਵੀ ਹੋਰ ਅਜਿਹੀ ਜਾਣਕਾਰੀ ਪ੍ਰਦਾਨ ਕਰਨਾ, ਜਿਸਨੂੰ ਤੁਸੀਂ ਚਾਹੁੰਦੇ ਹੋ ਕਿ ਪ੍ਰਿੰਸੀਪਲ ਇਹ ਫੈਸਲਾ ਲੈਣ ਤੋਂ ਪਹਿਲਾਂ ਧਿਆਨ ਵਿੱਚ ਰੱਖੇ, ਕਿ ਕੀ ਬਰਖਾਸਤਗੀ ਕੀਤੀ ਜਾਣੀ ਚਾਹੀਦੀ ਹੈ ਜਾਂ ਨਹੀਂ
- ਇਸ ਗੱਲ 'ਤੇ ਚਰਚਾ ਕਰਨਾ ਕਿ ਤੁਹਾਡਾ ਬੱਚਾ ਵਿਵਹਾਰ ਦੇ ਕਾਰਨ ਹੋਏ ਕਿਸੇ ਕਿਸਮ ਦੇ ਨੁਕਸਾਨ ਨੂੰ ਕਿਵੇਂ ਠੀਕ ਕਰ ਸਕਦਾ ਹੈ।

ਇਸ ਤੋਂ ਬਾਅਦ ਪ੍ਰਿੰਸੀਪਲ ਫਿਰ ਇਹ ਫੈਸਲਾ ਕਰ ਸਕਦਾ ਹੈ:

- ਆਪਣੇ ਸਕੂਲ ਵਿੱਚੋਂ ਤੁਹਾਡੇ ਬੱਚੇ ਨੂੰ ਬਰਖਾਸਤ ਕਰ ਦੇਣਾ
- ਮੁੱਖ ਕਾਰਜਕਾਰੀ ਨੂੰ ਸਿਫਾਰਸ਼ ਕਰਨਾ ਕਿ ਤੁਹਾਡੇ ਬੱਚੇ ਨੂੰ ਸਾਰੇ ਸਰਕਾਰੀ ਸਕੂਲਾਂ ਵਿੱਚੋਂ ਬਰਖਾਸਤ ਕਰ ਦਿੱਤਾ ਜਾਵੇ।

ਜੇ ਪ੍ਰਿੰਸੀਪਲ ਤੁਹਾਡੇ ਬੱਚੇ ਨੂੰ ਬਾਹਰ ਨਾ ਕੱਢਣ ਦਾ ਫੈਸਲਾ ਕਰਦਾ ਹੈ, ਤਾਂ ਉਹ ਤੁਹਾਡੇ ਬੱਚੇ ਨੂੰ 4 ਤੋਂ 10 ਹਫ਼ਤਿਆਂ ਦੇ ਵਿੱਚਕਰ ਕਿਸੀ ਮਿਆਦ ਤੱਕ ਬਾਹਰ ਰੱਖਣ ਦਾ ਫੈਸਲਾ ਕਰ ਸਕਦੇ ਹਨ। ਤੁਸੀਂ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ 'ਬੇਦਖਲ ਕਰਨ' (exclusion) ਬਾਰੇ ਜਾਣਕਾਰੀ ਤੱਥ ਸ਼ੀਟ 'ਤੇ ਜਾ ਕੇ ਬੇਦਖਲੀ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

ਜੇਕਰ ਪ੍ਰਿੰਸੀਪਲ ਤੁਹਾਡੇ ਬੱਚੇ ਨੂੰ ਬਰਖਾਸਤ ਜਾਂ ਬੇਦਖਲ ਨਾ ਕਰਨ ਦਾ ਫੈਸਲਾ ਕਰਦਾ ਹੈ, ਤਾਂ ਤੁਹਾਡਾ ਬੱਚਾ ਸਸਪੈਂਡ ਕੀਤੇ ਜਾਣ ਦੀ ਮਿਆਦ ਦੇ ਅੰਤ 'ਤੇ ਸਕੂਲ ਵਾਪਸ ਆ ਸਕਦਾ ਹੈ।

ਤੁਹਾਡੇ ਅਤੇ ਤੁਹਾਡੇ ਬੱਚੇ ਦੇ ਨਾਲ ਮਿਲ ਕੇ ਇੱਕ ਵਿਵਹਾਰ ਸਹਾਇਤਾ ਯੋਜਨਾ ਬਣਾਈ ਜਾਵੇਗੀ।

## ਵਿਵਹਾਰ ਸਹਾਇਤਾ ਯੋਜਨਾ

ਤੁਹਾਡੇ ਬੱਚੇ ਦੇ ਸੁਰੱਖਿਅਤ ਅਤੇ ਸਕਾਰਾਤਮਕ ਵਿਵਹਾਰ ਵਿੱਚ ਮਦਦ ਕਰਨ ਲਈ ਇੱਕ ਵਿਹਾਰ ਸਹਾਇਤਾ ਯੋਜਨਾ ਤਿਆਰ ਕੀਤੀ ਜਾਂਦੀ ਹੈ। ਯੋਜਨਾ ਵਿੱਚ ਇਹ ਸਭ ਸ਼ਾਮਲ ਹੋਣਾ ਚਾਹੀਦਾ ਹੈ:

- ਉਹ ਹੁਨਰ ਜੋ ਇੱਕ ਸੁਰੱਖਿਅਤ ਅਤੇ ਸਕਾਰਾਤਮਕ ਵਿਵਹਾਰ ਲਈ ਉਸ ਨੂੰ ਚਾਹੀਦੇ ਹਨ
- ਤੁਹਾਡਾ ਬੱਚਾ ਇਹ ਹੁਨਰ ਕਿਵੇਂ ਸਿੱਖੇਗਾ ਅਤੇ ਕੌਣ ਉਸਦੀ ਮਦਦ ਕਰੇਗਾ
- ਜਦੋਂ ਤੁਹਾਡਾ ਬੱਚਾ ਅਜੇ ਵੀ ਹੁਨਰ ਅਤੇ ਉਨ੍ਹਾਂ ਨੂੰ ਲਾਗੂ ਕਰਨਾ ਸਿੱਖ ਕਰ ਰਿਹਾ ਹੈ ਤਾਂ ਚੀਜ਼ਾਂ ਨੂੰ ਕਿਵੇਂ ਸੁਰੱਖਿਅਤ ਅਤੇ ਸਕਾਰਾਤਮਕ ਬਣਾਇਆ ਜਾ ਸਕਦਾ ਹੈ
- ਸਭ ਨੂੰ ਕਿਵੇਂ ਪਤਾ ਲੱਗੇਗਾ ਕਿ ਤੁਹਾਡਾ ਬੱਚਾ ਇਸ ਵਿੱਚ ਤਰੱਕੀ ਕਰ ਰਿਹਾ ਹੈ
- ਜੇਕਰ ਭਵਿੱਖ ਵਿੱਚ ਤੁਹਾਡੇ ਬੱਚੇ ਅੰਦਰ ਉਸਦੇ ਵਿਵਹਾਰ ਬਾਰੇ ਚਿੰਤਾਵਾਂ ਖੜੀਆਂ ਹੁੰਦੀਆਂ ਹਨ ਤਾਂ ਉਸਦੀ ਸਹਾਇਤਾ ਕਿਵੇਂ ਕੀਤੀ ਜਾਵੇਗੀ
- ਸਾਰਿਆਂ ਦੀ ਕੀ ਭੂਮਿਕਾ ਹੋਵੇਗੀ।

ਜੇਕਰ ਤੁਹਾਡੇ ਬੱਚੇ ਦਾ ਪਹਿਲਾਂ ਤੋਂ ਹੀ ਇੱਕ 'ਵੱਨ ਪਲਾਨ' ਬਣਿਆ ਹੋਇਆ ਹੈ, ਤਾਂ ਉਸਦੀ ਵਿਵਹਾਰਕ ਸਹਾਇਤਾ ਯੋਜਨਾ ਨੂੰ ਇਸ 'ਵੱਨ ਪਲਾਨ' ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

## ਬਰਖਾਸਤਗੀ ਦੌਰਾਨ

ਜੇਕਰ ਤੁਹਾਡੇ ਬੱਚੇ ਨੂੰ ਉਸਦੇ ਸਕੂਲ ਵਿੱਚੋਂ ਬਰਖਾਸਤ ਕਰ ਦਿੱਤਾ ਗਿਆ ਹੈ ਅਤੇ ਉਸਦੀ ਉਮਰ 17 ਸਾਲ ਤੋਂ ਘੱਟ ਹੈ, ਤਾਂ ਸਿੱਖਿਆ ਨਾਲ ਜੁੜੀਆਂ ਉਸਦੀਆਂ ਲਾਜਮੀ ਜ਼ਿਮੇਦਾਰੀਆਂ ਨੂੰ ਪੂਰਾ ਕਰਨ ਵਿੱਚ ਉਸਦੀ ਮਦਦ ਕਰਨ ਵਾਸਤੇ, ਸਹਾਇਕ ਵਿਕਲਪ ਪ੍ਰਦਾਨ ਕੀਤੇ ਜਾਣਗੇ।

ਜੇਕਰ ਤੁਹਾਡਾ ਬੱਚਾ ਲਾਜ਼ਮੀ ਸਿੱਖਿਆ ਦੀ ਉਮਰ (17 ਸਾਲ ਜਾਂ ਇਸ ਤੋਂ ਵੱਧ) ਉਮਰ ਦਾ ਹੈ ਤਾਂ ਪ੍ਰਿੰਸੀਪਲ ਵੱਲੋਂ ਉਸ ਨੂੰ ਸਿੱਖਿਆ ਦੇ ਵਿਕਲਪ ਪੇਸ਼ ਕਰਨੇ ਲਾਜ਼ਮੀ ਨਹੀਂ ਹਨ।

ਤੁਹਾਡੀ ਅਤੇ ਤੁਹਾਡੇ ਬੱਚੇ ਦੀ ਸਹਾਇਤਾ ਲਈ ਹੋਰ ਸਿੱਖਿਆ ਵਿਕਲਪਾਂ ਅਤੇ ਅਜਿਹੇ ਰਸਤਿਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਜੋ ਇਨ੍ਹਾਂ ਬਾਰੇ ਫੈਸਲਾ ਲੈਣ ਵਿੱਚ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਮਦਦ ਕਰਨਗੇ।

ਜੇਕਰ ਤੁਹਾਡੇ ਬੱਚੇ ਨੂੰ ਉਸਦੇ ਸਕੂਲ ਵਿੱਚੋਂ ਕੱਢ ਦਿੱਤਾ ਜਾਂਦਾ ਹੈ ਅਤੇ ਉਸਦੀ ਉਮਰ 17 ਸਾਲ ਹੈ, ਤਾਂ ਪ੍ਰਿੰਸੀਪਲ ਉਸ ਦਾ ਦਾਖਲਾ ਰੱਦ ਕਰ ਸਕਦੇ ਹਨ।

ਜੇਕਰ ਤੁਹਾਡੇ ਬੱਚੇ ਨੂੰ ਸਾਰੇ ਸਰਕਾਰੀ ਸਕੂਲਾਂ ਵਿੱਚੋਂ ਕੱਢ ਦਿੱਤਾ ਗਿਆ ਹੈ, ਤਾਂ ਉਸਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ।

ਬਰਖਸਤਗੀ (ਕੱਢੇ ਜਾਣ ਦੀ) ਦੀ ਮਿਆਦ ਦੇ ਅੰਤ 'ਤੇ, ਜੇਕਰ ਤੁਹਾਡਾ ਬੱਚਾ 18 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹੈ, ਤਾਂ ਉਹ ਬਾਲਗ ਸਿੱਖਿਆ ਦੇ ਵਿਕਲਪ ਦੇਖ ਸਕਦਾ ਹੈ।

ਤੁਸੀਂ ਇਹ ਜਾਣਕਾਰੀ ਡਿਪਾਰਟਮੈਂਟ ਫਾਰ ਐਜੂਕੇਸ਼ਨ ਦੀ ਵੈੱਬਸਾਈਟ 'ਤੇ ਦੇਖ ਸਕਦੇ ਹੋ https://www.education.sa.gov.au/ 'ਤੇ ਜਾਓ ਅਤੇ 'Adult Enrolment Policy' ਸਰਚ ਕਰੋ।

# ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ‘ਬਰਖਾਸਤਗੀ’ (ਕੱਢੇ ਜਾਣ) ਬਾਰੇ ਜਾਣਕਾਰੀ

## ਬਰਖਾਸਤਗੀ ਤੋਂ ਬਾਅਦ ਸਕੂਲ ਨਾਲ ਮੁੜ ਜੁੜਨਾ

ਤੁਹਾਡਾ ਬੱਚਾ ਆਪਣੀ ਬਰਖਾਸਤਗੀ ਦੀ ਮਿਆਦ ਖਤਮ ਹੋਣ ਤੋਂ ਬਾਅਦ ਆਪਣੇ ਸਕੂਲ ਨਾਲ ਦੁਬਾਰਾ ਜੁੜਨ ਦੇ ਯੋਗ ਹੋ ਸਕਦਾ ਹੈ। ਇਹ ਇਸ ਗੱਲ ‘ਤੇ ਨਿਰਭਰ ਕਰੇਗਾ ਕਿ ਤੁਹਾਡੇ ਬੱਚੇ ਨੂੰ ਕਿੰਨੀ ਦੇਰ ਲਈ ਕੱਢਿਆ ਗਿਆ ਸੀ ਅਤੇ ਉਸਦੀ ਉਮਰ ਕੀ ਹੈ।

ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਸਕੂਲ ਨਾਲ ਦੁਬਾਰਾ ਜੁੜਨ ਦੀ ਸੰਭਾਵਨਾ ਬਾਰੇ ਗੱਲ ਕਰਨ ਲਈ, ਬਰਖਸਤਗੀ ਦੀ ਸਮਾਪਤੀ ਤੋਂ 8 ਹਫ਼ਤੇ ਪਹਿਲਾਂ, ਬੱਚੇ ਦੇ ਸਕੂਲ ਪ੍ਰਿੰਸੀਪਲ ਨਾਲ ਸੰਪਰਕ ਕਰਨ ਦੀ ਲੋੜ ਹੋਵੇਗੀ।

ਜੇਕਰ ਪ੍ਰਿੰਸੀਪਲ ਫੈਸਲਾ ਕਰਦਾ ਹੈ ਕਿ ਤੁਹਾਡੇ ਬੱਚੇ ਲਈ ਵਾਪਸ ਆਉਣਾ ਸੰਭਵ ਹੈ, ਤਾਂ ਇੱਕ ਪੁਨਰ-ਕਨੈਕਸ਼ਨ ਮੀਟਿੰਗ ਕਰਹਿ ਜਾਵੇਗੀ ਤਾਂ ਜੋ:

- ਵਿਵਹਾਰ ਦੀ ਸਕਾਰਾਤਮਕ ਤਬਦੀਲੀ ਦਾ ਸਮਰਥਨ ਕੀਤਾ ਜਾ ਸਕੇ
- ਉਨ੍ਹਾਂ ਰਿਸ਼ਤਿਆਂ ਦੀ ਮੁਰੰਮਤ ਕੀਤੀ ਜਾਵੇ ਜੋ ਵਿਹਾਰ ਦੁਆਰਾ ਨੁਕਸਾਨੇ ਗਏ ਸਨ
- ਉਨ੍ਹਾਂ ਦੇ ਵਿਵਹਾਰ ਸਹਾਇਤਾ ਯੋਜਨਾ ਜਾਂ ‘ਵੱਨ ਪਲਾਨ’ ਦੀ ਸਮੀਖਿਆ ਕੀਤੀ ਜਾ ਸਕੇ
- ਵਿਹਾਰ ਬਾਰੇ ਕੀ ਉਮੀਦਾਂ ਰੱਖੀਆਂ ਜਾਂਦੀਆਂ ਹਨ, ਇਸ਼ ਸਮਝਣ ਵਿੱਚ ਤੁਹਾਡੇ ਬੱਚੇ ਦੀ ਮਦਦ ਕੀਤੀ ਜਾ ਸਕੇ
- ਉਹਨਾਂ ਸਹਾਇਤਾਵਾਂ ਦੀ ਪਛਾਣ ਹੋਵੇ ਜੋ ਤੁਹਾਡੇ ਬੱਚੇ ਦੀ ਮਦਦ ਕਰਨਗੇ।

ਜੇਕਰ ਤੁਸੀਂ ਆਪਣੇ ਬੱਚੇ ਦੇ ਸਕੂਲ ਵਾਪਸ ਆਉਣ ਤੋਂ ਪਹਿਲਾਂ ਰੀਕਨੈਕਸ਼ਨ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕਦੇ ਹੋ:

- ਤਾਂ ਜਦੋਂ ਤੱਕ ਮੀਟਿੰਗ ਨਾ ਰੱਖੀ ਜਾ ਸਕਦੀ ਹੋਵੇ, ਤੁਹਾਡਾ ਬੱਚਾ ਇੱਕ ਵਿਕਲਪਿਕ ਪ੍ਰੋਗਰਾਮ ‘ਤੇ ਸਕੂਲ ਵਾਪਸ ਆਵੇਗਾ

ਜਾਂ

- ਵਿਵਹਾਰ ਸਹਾਇਤਾ ਯੋਜਨਾ ਕਿਸੇ ਹੋਰ ਤਰੀਕੇ ਨਾਲ ਅੱਪਡੇਟ ਕੀਤੀ ਜਾਵੇ।

ਸਕੂਲ ਰੀਕਨੈਕਸ਼ਨ ਮੀਟਿੰਗ ਕਿਸੇ ਅਜਿਹੇ ਦਿਨ ਅਤੇ ਸਮੇਂ ‘ਤੇ ਰੱਖਣ ਦੀ ਕੋਸ਼ਿਸ਼ ਕਰੇਗਾ ਜੋ ਤੁਹਾਡੇ ਲਈ ਢੁੱਕਵੀਂ ਹੋਵੇ। ਜੇਕਰ ਤੁਸੀਂ ਰੀਕਨੈਕਸ਼ਨ ਮੀਟਿੰਗ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰਦੇ ਹੋ ਜਾਂ ਹਾਜ਼ਰ ਨਹੀਂ ਹੋ ਸਕਦੇ ਹੋ, ਤਾਂ ਸਕੂਲ ਤੁਹਾਡੇ ਬਿਨਾਂ ਹੀ ਤੁਹਾਡੇ ਬੱਚੇ ਦੇ ਸਿੱਖਣ ਦੇ ਪ੍ਰੋਗਰਾਮ ਅਤੇ ਵਿਹਾਰਕ ਸਹਾਇਤਾ ਬਾਰੇ ਫੈਸਲੇ ਲੈ ਸਕਦਾ ਹੈ।

# ਬਾਕੀ ਦੀ ਮਹੱਤਵਪੂਰਨ ਜਾਣਕਾਰੀ

## ਬੱਚਿਆਂ ਨਾਲ ਇੱਕੋ ਜਿਹੇ ਵਿਵਹਾਰ ਲਈ ਵੱਖੋ-ਵੱਖਰਾ ਵਿਹਾਰ ਕੀਤਾ ਜਾ ਸਕਦਾ ਹੈ

ਜਦੋਂ ਇੱਕ ਪ੍ਰਿੰਸੀਪਲ ਵਿਦਿਆਰਥੀ ਦੇ ਵਿਵਹਾਰ ਲਈ ਸਭ ਤੋਂ ਵਧੀਆ ਜਵਾਬੀ ਕਾਰਵਾਈ ਬਾਰੇ ਸੋਚਦਾ ਹੈ, ਤਾਂ ਉਨ੍ਹਾਂ ਨੂੰ ਹਰ ਚੀਜ਼ ਨੂੰ ਦੇਖਣਾ ਪੈਂਦਾ ਹੈ ਅਤੇ ਸਥਿਤੀ ਵਿੱਚ ਸ਼ਾਮਲ ਹਰੇਕ ਵਿਦਿਆਰਥੀ ਬਾਰੇ ਸੋਚਣਾ ਪੈਂਦਾ ਹੈ। ਹੋ ਸਕਦਾ ਹੈ ਕਿ ਦੋ ਬੱਚਿਆਂ ਨੇ ਇੱਕੋ ਜਿਹਾ ਵਿਹਾਰ ਕੀਤਾ ਹੋਵੇ, ਪਰ ਹਰੇਕ ਬੱਚੇ ਨਾਲ ਵੱਖੋ-ਵੱਖਰਾ ਵਿਹਾਰ ਕਰਨਾ ਉਚਿਤ ਹੋ ਸਕਦਾ ਹੈ। ਉਦਾਹਰਨ ਲਈ, ਜੇਕਰ 2 ਬੱਚੇ ਲੜ ਰਹੇ ਸਨ, ਤਾਂ 1 ਨੂੰ ਬਰਖਾਸਤ (expelled) ਜਾਂ ਬੇਦਖਲ (exclude) ਕੀਤਾ ਜਾ ਸਕਦਾ ਹੈ ਅਤੇ ਦੂਜੇ ਨੂੰ ਨਹੀਂ।

## ਉਹ ਵਿਵਹਾਰ ਜੋ ਸਕੂਲ ਵਿੱਚ ਨਹੀਂ ਹੋਇਆ

ਜੇਕਰ ਤੁਹਾਡੇ ਬੱਚੇ ਦੇ ਵਿਵਹਾਰ ਅਤੇ ਸਕੂਲ ਜਾਂ ਸਕੂਲ ਦੇ ਕਿਸੇ ਸਬੰਧਾਂ ਵਿਚਕਾਰ ਕੋਈ ਉਚਿਤ ਕਨੈਕਸ਼ਨ (ਜੋੜ) ਪਾਇਆ ਜਾਂਦਾ ਹੈ ਤਾਂ ਤੁਹਾਡੇ ਬੱਚੇ ਨੂੰ ਸਕੂਲ ਦੇ ਸਮੇਂ ਤੋਂ ਬਾਹਰ ਅਤੇ ਸਕੂਲ ਦੇ ਪਰਿਖੇਤਰ ਤੋਂ ਬਾਹਰ ਹੋਏ ਵਿਵਹਾਰ ਲਈ ਵੀ ਬਰਖਾਸਤ ਕੀਤਾ ਜਾ ਸਕਦਾ ਹੈ।

## ਬਰਖਾਸਤ ਜਾਂ ਬੇਦਖਲ ਕੀਤੇ ਜਾਣ ਦੌਰਾਨ ਤੁਹਾਡਾ ਬੱਚਾ ਸਕੂਲ ਦੇ ਪਰਿਖੇਤਰ ‘ਤੇ ਮੌਜੂਦ ਨਹੀਂ ਹੋ ਸਕਦਾ

ਮੁਅੱਤਲ, ਬੇਦਖਲ ਜਾਂ ਬਰਖਾਸਤ ਕੀਤੇ ਜਾਣ ਦੌਰਾਨ ਤੁਹਾਡੇ ਬੱਚੇ ਦਾ ਸਕੂਲ ਦੇ ਪਰਿਖੇਤਰ ‘ਤੇ ਮੌਜੂਦ ਹੋਣਾ ਕਾਨੂੰਨ ਦੇ ਖਿਲਾਫ ਹੈ। ਜੇਕਰ ਤੁਹਾਡਾ ਬੱਚਾ ਸਕੂਲ ਦੇ ਪਰਿਖੇਤਰ ਵਿੱਚ ਆਉਂਦਾ ਹੈ, ਤਾਂ ਉਹ ਇੱਕ ਅਪਰਾਧਿਕ ਜੁਰਮ ਕਰ ਰਿਹਾ ਹੈ।

ਤੁਹਾਡਾ ਬੱਚਾ ਦਿਸ਼ਾ-ਨਿਰਦੇਸ਼ ਕਾਨਫਰੰਸ ਅਤੇ ਰੀਕਨੈਕਸ਼ਨ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸਕੂਲ ਦੇ ਪਰਿਖੇਤਰ ‘ਤੇ ਮੌਜੂਦ ਹੋ ਸਕਦਾ ਹੈ।

ਜੇਕਰ ਤੁਹਾਡੇ ਬੱਚੇ ਕੋਲ ਸਕੂਲ ਦੇ ਪਰਿਖੇਤਰ ‘ਤੇ ਹੋਣ ਦੇ ਹੋਰ ਠੋਸ ਕਾਰਨ ਹਨ, ਜਿਵੇਂ ਕਿ:

- ਸਕੂਲ ਦੇ ਪਰਿਖੇਤਰ ‘ਤੇ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਨੂੰ ਪ੍ਰਾਪਤ ਕਰਨਾ
- ਕੋਈ ਹੋਰ, ਸਹਿਮਤ ਹੋਏ ਵਿਕਲਪਿਕ ਸਿਖਲਾਈ ਪ੍ਰੋਗਰਾਮ ਵਿੱਚ ਸ਼ਾਮਲ ਹੋਣਾ

ਪ੍ਰਿੰਸੀਪਲ ਇਸ ਨੂੰ ਲਿਖਤੀ ਰੂਪ ਵਿੱਚ ਮਨਜ਼ੂਰੀ ਦੇ ਸਕਦਾ ਹੈ।

## ਕਿਸੇ ਹੋਰ ਸਕੂਲ ਵਿੱਚ ਦਾਖਲਾ

ਤੁਸੀਂ ਆਪਣੇ ਬੱਚੇ ਨੂੰ ਬਰਖਾਸਤਗੀ ਦੀ ਅਵਧੀ ਦੌਰਾਨ ਹੋਰ ਕਿਸੇ ਸਕੂਲ ਵਿੱਚ ਦਾਖਲ ਨਹੀਂ ਕਰਵਾ ਸਕਦੇ ਹੋ। ਉਹ ਬਰਖਾਸਤਗੀ ਤੋਂ ਬਾਅਦ, ਇੱਕ ਨਵੇਂ ਸਕੂਲ ਵਿੱਚ ਦਾਖਲਾ ਲੈ ਸਕਦਾ ਹੈ। ਤੁਹਾਡੇ ਬੱਚੇ ਦੇ ਮੌਜੂਦਾ ਸਕੂਲ ਦੇ ਪ੍ਰਿੰਸੀਪਲ ਅਤੇ ਨਵੇਂ ਸਕੂਲ ਦੇ ਪ੍ਰਿੰਸੀਪਲ ਤੁਹਾਡੇ ਬੱਚੇ ਦੇ ਵਿਹਾਰ ਬਾਰੇ ਗੱਲ ਕਰਨਗੇ ਅਤੇ ਤੁਹਾਡੇ, ਤੁਹਾਡੇ ਬੱਚੇ ਦੇ, ਅਤੇ ਦੋਵਾਂ ਸਕੂਲਾਂ ਦੇ ਵਿਚਕਾਰ ਵਿਹਾਰਕ ਸਹਾਇਤਾ ਦੀ ਇੱਕ ਯੋਜਨਾ ਤਿਆਰ ਕੀਤੀ ਜਾਵੇਗੀ।

## ਜੇਕਰ ਤੁਸੀਂ ਆਪਣੇ ਬੱਚੇ ਨੂੰ ਬਰਖਾਸਤ ਕਰਨ ਦੇ ਪ੍ਰਿੰਸੀਪਲ ਦੇ ਫੈਸਲੇ ਤੋਂ ਨਾਖੁਸ਼ ਹੋ

ਤੁਸੀਂ, ਤੁਹਾਡਾ ਬੱਚਾ ਜਾਂ ਤੁਹਾਡੀ ਬੇਨਤੀ ‘ਤੇ ਜਾਂ ਤੁਹਾਡੇ ਬੱਚੇ ਦੀ ਬੇਨਤੀ ‘ਤੇ ਕਾਰਵਾਈ ਕਰਨ ਵਾਲਾ ਕੋਈ ਬਾਲਗ ਵਿਅਕਤੀ, ਬਰਖਾਸਤਗੀ ਦੇ ਵਿਰੁੱਧ ਅਪੀਲ ਕਰ ਸਕਦਾ ਹੈ।

ਤੁਸੀਂ ਆਪਣੇ ਬੱਚੇ ਨੂੰ ਬਰਖਾਸਤ ਕਰਨ ਦੇ ਪ੍ਰਿੰਸੀਪਲ ਦੇ ਫੈਸਲੇ, ਜਾਂ ਤੁਹਾਡੇ ਬੱਚੇ ਨੂੰ ਸਾਰੇ ਹੀ ਸਰਕਾਰੀ ਸਕੂਲਾਂ ਵਿੱਚੋਂ ਬਰਖਾਸਤ ਕਰਨ ਦੇ ਮੁੱਖ ਕਾਰਜਕਾਰੀ ਦੇ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹੋ, ਜੇਕਰ ਤੁਹਾਨੂੰ ਲੱਗਦਾ ਹੈ ਕਿ:

- ਪ੍ਰਿੰਸੀਪਲ ਜਾਂ ਮੁੱਖ ਕਾਰਜਕਾਰੀ ਨੇ ਗਲਤ ਜਾਣਕਾਰੀ ਦੇ ਆਧਾਰ ‘ਤੇ ਤੁਹਾਡੇ ਬੱਚੇ ਨੂੰ ਕੱਢਿਆ (ਬਰਖਾਸਤ ਕੀਤਾ) ਹੈ। ਉਦਾਹਰਨ ਲਈ, ਤੁਹਾਡੇ ਬੱਚੇ ਨੇ ਉਹ ਕੰਮ ਨਹੀਂ ਕੀਤੇ ਜਿਨ੍ਹਾਂ ਲਈ ਉਸ ਨੂੰ ਕੱਢਿਆ ਗਿਆ ਹੈ
- ਸਕੂਲ ਨੇ ਸਹੀ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ ਹੈ। ਉਦਾਹਰਨ ਲਈ, ਸਕੂਲ ਨੇ ਦਿਸ਼ਾ-ਨਿਰਦੇਸ਼ ਕਾਨਫਰੰਸ ਨਹੀਂ ਕਰਵਾਈ

# ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ‘ਬਰਖਾਸਤਗੀ’ (ਕੱਢੇ ਜਾਣ) ਬਾਰੇ ਜਾਣਕਾਰੀ

- ਬਰਖਸਤਗੀ ਦੀ ਮਿਆਦ ਬਹੁਤ ਲੰਬੀ ਹੈ। ਉਦਾਹਰਨ ਲਈ, ਬਰਖਸਤਗੀ ਦੀ ਮਿਆਦ, ਅਜਿਹੇ ਸਮੇਂ ਤੋਂ ਜ਼ਿਆਦਾ ਹੈ ਜਿੰਨਾਂ ਸਮਾਂ ਸਕੂਲ ਨੂੰ ਤੁਹਾਡੇ ਬੱਚੇ ਨੂੰ ਸੁਰੱਖਿਅਤ ਢੰਗ ਨਾਲ ਸਕੂਲ ਵਾਪਸ ਲਿਆਉਣ ਲਈ ਸਹਾਇਤਾ ਦਾ ਬੰਦੋਬਸਤ ਕਰਨ ਲਈ ਚਾਹੀਦਾ ਹੈ।
- ਬਰਖਸਤਗੀ ਦੀਆਂ ਸ਼ਰਤਾਂ ਤੁਹਾਡੇ ਬੱਚੇ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰਦੀਆਂ।

ਤੁਹਾਡੇ ਬੱਚੇ ਦੀ ਬਰਖਾਸਤਗੀ ਦੇ ਵਿਰੁੱਧ ਅਪੀਲ ਕਰਨ ਦੀ ਪ੍ਰਕਿਰਿਆ ਤੁਹਾਨੂੰ ਦਿਸ਼ਾ-ਨਿਰਦੇਸ਼ ਕਾਨਫਰੰਸ ਵਿੱਚ ਸਮਝਾਈ ਜਾਣੀ ਚਾਹੀਦੀ ਹੈ। ਸਕੂਲ ਤੁਹਾਨੂੰ ਅਪੀਲ ਫਾਰਮ ਦੇਵੇਗਾ।

ਜੇਕਰ ਤੁਸੀਂ ਪ੍ਰਿੰਸੀਪਲ ਵੱਲੋਂ ਤੁਹਾਡੇ ਬੱਚੇ ਨੂੰ ਉਨ੍ਹਾਂ ਦੇ ਸਕੂਲ ਵਿੱਚੋਂ ਕੱਢਣ ਦੇ ਫੈਸਲੇ ਵਿਰੁੱਧ ਅਪੀਲ ਕਰਨ ਦਾ ਫੈਸਲਾ ਕਰਦੇ ਹੋ, ਤਾਂ ਤੁਹਾਡੇ ਵਾਸਤੇ ਦਿਸ਼ਾ-ਨਿਰਦੇਸ਼ ਕਾਨਫਰੰਸ ਦੇ 10 ਸਕੂਲੀ ਦਿਨਾਂ ਦੇ ਅੰਦਰ-ਅੰਦਰ, ਮੁੱਖ ਕਾਰਜਕਾਰੀ ਕੋਲ ਪੂਰੇ ਕਾਗਜ਼ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ।

ਜੇਕਰ ਤੁਸੀਂ ਮੁੱਖ ਕਾਰਜਕਾਰੀ ਵੱਲੋਂ ਤੁਹਾਡੇ ਬੱਚੇ ਨੂੰ ਸਾਰੇ ਹੀ ਸਰਕਾਰੀ ਸਕੂਲਾਂ ਵਿੱਚੋਂ ਕੱਢਣ ਦੇ ਫੈਸਲੇ ਵਿਰੁੱਧ ਅਪੀਲ ਕਰਨ ਦਾ ਫੈਸਲਾ ਕਰਦੇ ਹੋ, ਤਾਂ ਤੁਹਾਡੇ ਵਾਸਤੇ ਦਿਸ਼ਾ-ਨਿਰਦੇਸ਼ ਕਾਨਫਰੰਸ ਦੇ 10 ਸਕੂਲੀ ਦਿਨਾਂ ਦੇ ਅੰਦਰ-ਅੰਦਰ, ਸਿੱਖਿਆ ਮੰਤਰੀ (ਮਿਨਿਸਟਰ ਆੱਫ਼ ਐਜੂਕੇਸ਼ਨ) ਕੋਲ ਪੂਰੇ ਕਾਗਜ਼ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ।

## ਵਧੇਰੇ ਜਾਣਕਾਰੀ ਲਈ ਸੰਪਰਕ ਵੇਰਵੇ

ਤੁਸੀਂ ਬਰਖਸਤਗੀ ਅਤੇ ਅਪੀਲ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਹੇਠ ਲਿਖੇ ਤਰੀਕਿਆਂ ਨਾਲ ਪ੍ਰਾਪਤ ਕਰ ਸਕਦੇ ਹੋ:

- ਆਪਣੇ ਸਥਾਨਕ ਸਿੱਖਿਆ ਦਫ਼ਤਰ ਨਾਲ ਸੰਪਰਕ ਕਰ ਕੇ
- ਸਿੱਖਿਆ ਵਿਭਾਗ ਨੂੰ 8226 1000 ‘ਤੇ ਫੋਨ ਕਰ ਕੇ
- ਸਿੱਖਿਆ ਵਿਭਾਗ ਦੀ ਵੈੱਬਸਾਈਟ https://www.education.sa.gov.au/ ‘ਤੇ ਜਾਓ ਅਤੇ ਸਰਚ ਕਰੋ ‘expulsion’.

## ਵਧੇਰੀ ਸਹਾਇਤਾ

ਵਾਧੂ ਸਹਾਇਤਾ ਲਈ ਤੁਸੀਂ ਪੇਰੈਂਟ ਹੈਲਪਲਾਈਨ ਨੂੰ ਫ਼ੋਨ ਨੰਬਰ 1300 364 100 (24-ਘੰਟੇ ਸੇਵਾ) ‘ਤੇ ਸੰਪਰਕ ਕਰ ਸਕਦੇ ਹੋ।

ਜੇਕਰ ਤੁਹਾਡਾ ਬੱਚਾ ਕਿਸੇ ਨਾਲ ਗੱਲ ਕਰਨੀ ਚਾਹੁੰਦਾ ਹੈ, ਤਾਂ ਤੁਸੀਂ ਉਸਨੂੰ ਹੇਠ ਲਿਖਿਆਂ ਨਾਲ ਸੰਪਰਕ ਕਰਨ ਲਈ ਪ੍ਰੇਰਿਤ ਕਰ ਸਕਦੇ ਹੋ:

- Headspace (ਹੈੱਡਸਪੇਸ)

  12 ਤੋਂ 25 ਸਾਲ ਦੀ ਉਮਰ ਦੇ ਬੱਚਿਆਂ ਅਤੇ ਨੌਜਵਾਨਾਂ ਲਈ ਮਾਨਸਿਕ ਸਿਹਤ ਸਹਾਇਤਾ। ਫ਼ੋਨ: 1800 650 890
- Kids Helpline (ਬੱਚਿਆਂ ਦੀ ਸਹਾਇਤਾ ਫੋਨ ਲਾਈਨ)

  5 ਤੋਂ 25 ਸਾਲ ਦੀ ਉਮਰ ਦੇ ਬੱਚਿਆਂ ਅਤੇ ਨੌਜਵਾਨਾਂ ਲਈ ਪੀਅਰ-ਟੂ-ਪੀਅਰ ਸਹਾਇਤਾ, ਸਵੈ-ਸਹਾਇਤਾ ਦੇ ਸਰੋਤ ਅਤੇ ਫ਼ੋਨ ਅਤੇ ਔਨਲਾਈਨ ਸਲਾਹਕਾਰ ਸੇਵਾਵਾਂ। ਫ਼ੋਨ: 1800 55 1800